# ੧

# ਨਾਨਕ ਰੁੰਨਾ ਬਾਬਾ ਜਾਣੀਐ
# ਜੇ ਰੋਵੈ ਲਾਇ ਪਿਆਰੋ

# Nanak Runna Baba Janiye Je Rovey Lai Piaro

*"ਜੇ ਉਸ ਦੀ ਮਿਹਰ ਦਾ ਅੰਤਿਮ ਲਕਸ਼ ਦੇਖਣਾ ਹੋਵੇ, ਜੇ ਉਸ ਦੀ ਦਇਆ ਦੀ ਸਿਖਰ ਦਾ ਦਇਆ ਸਰੂਪ ਦੇਖਣਾ ਹੋਵੇ, ਜੇ ਉਸ ਸੱਚੇ ਪਾਤਸ਼ਾਹ ਦੇ ਪ੍ਰੇਮ ਦਾ ਜਿਹੜਾ ਉਹ ਆਪਣੇ ਬੱਚਿਆਂ ਨਾਲ ਕਰਦਾ ਹੈ ਜਿਸ ਵਕਤ ਉਸ ਪ੍ਰੇਮ ਦੀ ਮਸਤ ਅਵਸਥਾ ਵੇਖਣੀ ਹੋਵੇ, ਉਸਦਾ ਸਿਖਰ ਵੇਖਣਾ ਹੋਵੇ ਉਸ ਵੇਲੇ ਪਿਤਾ ਜੀ ਕਹਿਣ ਲੱਗੇ ਪੁੱਤ ਗੁਰੂ ਅਰਜਨ ਪਾਤਸ਼ਾਹ ਦੇ ਅੱਗ ਦੇ ਵਿੱਚ ਆਸਨ ਲਾਏ ਉਨ੍ਹਾਂ ਦੇ ਦਰਸ਼ਨ ਕਰੋ, ਉਸ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰੋ ਜਿੱਥੇ ਉਹ ਅੱਠ ਸਾਲ ਦੀ ਉਮਰ ਵਿੱਚ ਜਦੋਂ ਸਾਰੀ ਦਿੱਲੀ (ਕੀ ਹਿੰਦੂ, ਕੀ ਮੁਸਲਮਾਨ, ਕੀ ਸਿੱਖ ਤੇ ਕੀ ਈਸਾਈ) ਉਨ੍ਹਾਂ ਦੀ ਸ਼ਰਨ ਵਿੱਚ ਭੱਜਦੀ ਹੈ ਫਿਰ ਫੁਰਮਾਉਂਦੇ ਕੀ ਹਨ, ਆਓ ਤੁਸੀਂ ਸਾਰੇ ਗੁਰੂ ਨਾਨਕ ਦੀ ਸ਼ਰਨ ਵਿੱਚ ਆਏ ਹੋ ਆਪਣੇ ਸਾਰੇ ਦੁੱਖ ਮੈਨੂੰ ਦੇ ਦਿਓ। ਗੁਰੂ ਤੇਗ ਬਹਾਦਰ ਸਾਹਿਬ ਦੇ ਉਸ ਕਤਲਗਾਹ ਦੇ ਵਿੱਚ ਦਰਸ਼ਨ ਕਰੋ ਜਿੱਥੇ ਉਹ ਬਖਸ਼ਿਸ਼ਾਂ ਲੁਟਾ ਰਹੇ ਹਨ। ਫਿਰ ਸਾਧ ਸੰਗਤ ਜੀ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰੋ ਜਿਹੜੇ ਗੁਰੂ ਅਰਜਨ ਪਾਤਸ਼ਾਹ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਸਭ ਗੁਰੂ ਸਾਹਿਬਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਸਦਾ ਲਈ ਸਾਡੇ ਵਿੱਚ ਦੇ ਕੇ ਫਿਰ ਜਿਸ ਨਿਰੰਕਾਰ ਵਿੱਚੋਂ ਇੱਕ ਤੋਂ ਦੋ ਹੋ ਕੇ ਆਏ ਸਨ ਅੱਜ ਉਸੇ ਨਿਰੰਕਾਰ ਵਿੱਚ ਦੋ ਤੋਂ ਇੱਕ ਹੋ ਗਏ ਹਨ।*

*ਸਾਧ ਸੰਗਤ ਜੀ ਧੰਨ ਹਨ ਬਾਬਾ ਨੰਦ ਸਿੰਘ ਸਾਹਿਬ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਦਸੋਂ ਪਾਤਸ਼ਾਹੀਆਂ ਨੂੰ ਪ੍ਰਗਟ ਕਰ ਕੇ ਦਿਖਾ ਦਿੱਤਾ ਕਿ ਦਸਮੇਸ਼ ਪਿਤਾ ਸਾਨੂੰ ਦੇ ਕੇ ਕੀ ਗਏ ਹਨ।"*

*- ਬਾਬਾ ਨਰਿੰਦਰ ਸਿੰਘ ਜੀ*

# 239 ਸਾਲ ਪ੍ਰਤੱਖ ਨਿਰੰਕਾਰ ਨੇ ਆਪ ਪ੍ਰੇਮ ਲੀਲ੍ਹਾ ਰਚੀ ਹੈ

## ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ||

ਸਾਧ ਸੰਗਤ ਜੀ ਨਿਰੰਕਾਰ ਜਿਸ ਵਕਤ ਦੁਨੀਆਂ ਵਿੱਚ ਆਉਂਦਾ ਹੈ ਸਤਿਗੁਰੂ ਦੇ ਸਰੂਪ ਦੇ ਵਿੱਚ ਪ੍ਰੇਮ ਬੱਧਾ ਆਉਂਦਾ ਹੈ, ਆਪਾਂ ਸਾਰੇ ਕਰਮ ਬੱਧੇ ਆਉਂਦੇ ਹਾਂ ਉਹਇੱਕਪ੍ਰੇਮ ਲੀਲ੍ਹਾ ਰਚ ਦਿੰਦਾ ਹੈ | ਸਾਹਿਬ ਨੇ ਪ੍ਰੇਮ ਲੀਲ੍ਹਾ ਰਚੀ ਫਿਰ ਦਸਮੇਸ਼ ਪਿਤਾ ਨੇ ਐਲਾਨੀਆਂ ਫੁਰਮਾਇਆ,

“ਸਾਚੁ ਕਹੌ ਸੁਨ ਲੇਹੁ ਸਭੈ

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ”

ਉਸ ਦੀ ਪ੍ਰਾਪਤੀ ਸਿਰਫ ਪ੍ਰੇਮ ਨਾਲ ਹੋ ਸਕਦੀ ਹੈ ਅਤੇ

ਸਾਧ ਸੰਗਤ ਜੀ ਇਹ ਉਹ ਮਹਾਨ ਸੱਚ ਹੈ, ਜਿਸ ਨੂੰ ਦੁਨੀਆਂ ਦੀ ਕੋਈ ਤਾਕਤ, ਕੋਈ ਸ਼ਕਤੀ ਝੁਠਲਾ ਨਹੀਂ ਸਕਦੀ | ਸਾਹਿਬ ਨੇ ਉਹ ਪ੍ਰੇਮ ਲੀਲ੍ਹਾ ਰਚਦੇ ਹੋਏ ਜੋ ਪ੍ਰੇਮ ਦਾ ਖੇਡ-ਖੇਡਿਆ ਹੈ ਉਸ ਨੂੰ ਸਮਝਣ ਵਾਸਤੇ ਸਾਧ ਸੰਗਤ ਜੀ ਅੱਜ ਤੱਕ 300 ਸਾਲ ਹੋਏ ਹਨ | ਜਿਸ ਵਕਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿੱਚ ਸਜਦਾ ਕਰਕੇ, ਸਾਨੂੰ ਸਭ ਨੂੰ ਉਨ੍ਹਾਂ ਦੇ ਚਰਨ ਕਮਲਾਂ ਵਿੱਚ ਸੌਂਪ ਕੇ ਆਪ ਖੇਡ ਵਰਤਾ ਰਹੇ ਹਨ, ਅਲੋਪ ਹੋ ਰਹੇ ਹਨ, ਅਲਹਿਦਾ ਖੜ੍ਹੇ ਹੋ ਗਏ ਹਨ |

ਇਹ ਪ੍ਰੇਮ ਦਾ ਅੰਮ੍ਰਿਤ ਪ੍ਰਕਾਸ਼, ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਤੋਂਇੱਕਪ੍ਰੇਮ ਲੀਲ੍ਹਾ ਆਰੰਭ ਹੋਈ ਹੈ 239 ਸਾਲ ਪ੍ਰਤੱਖ ਨਿਰੰਕਾਰ ਨੇ ਆਪ ਹੀ ਪ੍ਰੇਮ ਲੀਲ੍ਹਾ ਰਚੀ ਹੈ | ਸਾਹਿਬ ਅੱਜ ਉਸ ਪ੍ਰੇਮ ਲੀਲ੍ਹਾ ਨੂੰ ਸ਼ਰੀਰਕ ਤੌਰ ਤੇ ਸਮਾਪਤ ਕਰ ਰਹੇ ਹਨ | ਉਹ ਲੰਬੀ ਯਾਤਰਾ, ਉਹ ਲੰਬਾ ਸਫਰ, ਉਸ ਪ੍ਰੇਮ ਦਾ ਜਿਹੜਾ ਨਿਰੰਕਾਰ ਨੇ ਪ੍ਰਤੱਖ ਉਹ ਪ੍ਰੇਮ ਲੀਲ੍ਹਾ ਰੱਚ ਕੇ, ਜੋ ਉਹ ਬਖਸ਼ਿਸ਼ ਸਾਡੇ ਨਿਸਤਾਰੇ ਵਾਸਤੇ, ਸਾਡਾ ਪ੍ਰੇਮ ਜਾਗ੍ਰਿਤ ਕਰਨ ਵਾਸਤੇ, ਜੋ ਸਾਹਿਬ ਨੇ ਰਚੀ ਹੈ ਅੱਜ ਆਪਾਂ ਉਸ ਪ੍ਰੇਮ ਦੇ ਇਸ ਮਹਾਨ ਸੱਚ ਦੇ ਜੋ ਦਸਮੇਸ਼ ਪਿਤਾ ਪ੍ਰੇਮ-ਲੀਲ੍ਹਾ ਰਚ ਕੇ ਸਮਾਪਤ ਕਰ ਰਹੇ ਹਨ ਉਸ ਦੇ ਝਲਕ ਮਾਤਰ ਦਰਸ਼ਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚੋਂ ਕਰਨੇ ਹਨ | ਗੁਰੂ ਨਾਨਕ ਪਾਤਸ਼ਾਹ ਕੀ ਫੁਰਮਾ ਗਏ ਹਨ :

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ||

ਕਹੁ ਨਾਨਕ ਸੁਣਿ ਭਰਥਰਿ ਜੋਗੀ

ਪਾਰਬ੍ਰਹਮ ਲਿਵ ਏਕੰ||

ਪਾਰਬ੍ਰਹਮ ਨਿਰੋਲ ਪ੍ਰੇਮ ਹੀ ਪ੍ਰੇਮ ਹੈ "ਪਾਰਬ੍ਰਹਮ ਲਿਵ ਏਕੰ" ਭਰਦ ਜਤ :ਰਡਕ, :ਰਡਕ ਜਤ ਭਰਦ ਸਾਹਿਬ ਨੇ ਸਪੱਸ਼ਟ ਕੀਤਾ ਹੈ | ਨਿਰੰਕਾਰ ਪ੍ਰੇਮ ਹੀ ਪ੍ਰੇਮ ਹੈ, ਪ੍ਰੇਮ ਬੱਧਾ ਹੀ ਆਉਂਦਾ ਹੈ | ਸਾਹਿਬ ਉਸ ਵੇਲੇ ਇਹ ਸਪਸ਼ਟ ਕਰ ਦਿੰਦੇ ਹਨ ਕਿ ਅਸੀਂ ਆਪ ਕਿਸ ਵਾਸਤੇ ਆਏ ਹਾਂ | ਸਾਧ ਸੰਗਤ ਜੀ ਫਿਰ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਕਈ ਸ਼ਬਦਾਂ ਵਿੱਚ ਸਪਸ਼ਟ ਕੀਤਾ ਹੈ

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ||

ਸਭ ਤੋਂ ਸ਼ੁੱਧ, ਸਭ ਤੋਂ ਪਾਕ, ਸਭ ਤੋਂ ਪਵਿੱਤਰ, ਸਭ ਤੋ ਨਿਰੋਲ ਤੇ ਸਭ ਤੋਂ ਨਿਰਮਲ ਉਹ ਨਿਰੰਕਾਰ ਆਪ ਹੀ ਹੈ | ਦਸਮੇਸ਼ ਪਿਤਾ ਫੁਰਮਾ ਰਹੇ ਹਨ :

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ||

ਜਿਸ ਤਰ੍ਹਾਂ ਦੀ ਪ੍ਰੇਮ ਲੀਲ੍ਹਾ ਉਨ੍ਹਾਂ ਨੇ ਰਚੀ ਹੈ ਉੱਨਾਂ ਹੀ ਸ਼ੁੱਧ, ਉੱਨਾਂ ਹੀ ਪਾਕ ਉਨਾਂ ਹੀ ਨਿਰਮਲ ਤੇ ਨਿਰੋਲ ਪ੍ਰੇਮ ਆਪ ਹੋਵੇ ਤੇ ਉਸ ਪ੍ਰੇਮ ਸਰੂਪ ਨਿਰੰਕਾਰ ਵਿੱਚ ਜਾ ਕੇ ਸਮਾ ਸਕਦਾ ਹੈ "ਤਿਨ ਹੀ ਪ੍ਰਭ ਪਾਇਓ" ਉਸ ਪ੍ਰੇਮ ਨੂੰ ਪ੍ਰਾਪਤ ਕਰ ਸਕਦਾ ਹੈ | ਆਓ ਸਾਧ ਸੰਗਤ ਜੀ ਪਹਿਲੋਂ ਆਪਾਂ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪਣੇ ਹੀ ਉਸ ਪ੍ਰੇਮ ਜਿਸ ਤਰ੍ਹਾਂ ਸਾਹਿਬ ਆਪਣੀ ਜਬਾਨੀ ਦੱਸ ਰਹੇ ਹਨ, ਉਨ੍ਹਾਂ ਦੀ ਜ਼ਬਾਨੀ, ਅੱਜ ਉਸ ਪ੍ਰੇਮ ਦੇ ਝਲਕ ਮਾਤਰ ਦਰਸ਼ਨ ਕਰਨੇ ਹਨ |

ਸਗਲੀ ਜੋਤਿ ਹਮਾਰੀ ਸੰਮਿਆ

ਨਾਨਾ ਵਰਨ ਅਨੇਕੰ ||

ਕਹੁ ਨਾਨਕ ਸੁਣਿ ਭਰਥਰਿ ਜੋਗੀ

ਪਾਰਬ੍ਰਹਮ ਲਿਵ ਏਕੰ ||

ਜਉ ਤਉ ਪ੍ਰੇਮ ਖੇਲਣ ਕਾ ਚਾਉ ||

ਸਿਰੁ ਧਰਿ ਤਲੀ ਗਲੀ ਮੇਰੀ ਆਉ ||

ਇਤੁ ਮਾਰਗਿ ਪੈਰੁ ਧਰੀਜੈ ||

ਸਿਰੁ ਦੀਜੈ ਕਾਣਿ ਨ ਕੀਜੈ ||

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ||

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ||

*ਸ੍ਰੀ ਗੁਰੂ ਨਾਨਕ ਦੇਵ ਜੀ*

ਸਾਧ ਸੰਗਤ ਜੀ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਫ਼ੁਰਮਾਣ ਸੁਣੇ, ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ || ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ|| ਫਿਰ ਸਾਹਿਬ ਫ਼ੁਰਮਾਉਂਦੇ ਹਨ ਜਉ ਤਉ ਪ੍ਰੇਮ ਖੇਲਣ ਕਾ ਚਾਉ || ਸਿਰੁ ਧਰਿ ਤਲੀ ਗਲੀ ਮੇਰੀ ਆਉ || ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ||

ਜੇ ਇਹ ਪ੍ਰੇਮ ਦਾ ਖੇਡ ਖੇਡਣਾ ਚਾਹੁੰਦਾ ਹੈਂ ਤਾਂ ਫਿਰ ਆਪਣਾ ਸੀਸ ਤਲੀ ਤੇ ਰੱਖ ਕੇ ਆ ਜਾ, ਇਸ ਗਲੀ ਵਿੱਚ, ਇਸ ਪ੍ਰੇਮ ਦੀ ਗਲੀ ਵਿੱਚ ਆ ਜਾ, "ਇਤੁ ਮਾਰਗ ਪੈਰ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ," ਇਸ ਮਾਰਗ ਦੇ ਉੱਤੇ, ਇਸ ਪ੍ਰੇਮ ਦੇ ਰਸਤੇ ਦੇ ਉੱਤੇ ਜੇ ਆਪਣਾ ਪੈਰ ਚੁੱਕ ਲਿਆ ਹੈ, ਰੱਖ

ਲਿਆ ਹੈ ਤਾਂ ਫਿਰ "ਸਿਰੁ ਦੀਜੈ ਕਾਣਿ ਨ ਕੀਜੈ" ਸੀਸ ਦੇ ਦਿਓ ਪਰ ਲੇਸ ਮਾਤਰ ਵੀ ਉਸ ਚੀਜ਼ ਦਾ ਮਾਣ ਨਾ ਕਿਤੇ ਦਿਲ ਵਿੱਚ ਆ ਜਾਏ, ਮਾਣ ਨਹੀਂ ਕਰਨਾ, ਇਹ ਦੂਜਾ ਹੁਕਮ ਹੈ| ਸੱਚੇ ਪਾਤਸ਼ਾਹ ਫ਼ੁਰਮਾਉਂਦੇ ਹਨ ਇਹ ਕੁੱਝ ਸ਼ਰਤਾਂ ਹਨ ਕਿ ਪ੍ਰੇਮ ਹੈ ਕੀ ਤੇ ਫਿਰ ਪ੍ਰੇਮ ਦੇ ਵਿੱਚ ਮਾਰਗ ਤੇ ਚੱਲਣਾ ਕਿਸ ਤਰ੍ਹਾਂ ਹੈ ? ਫਿਰ ਤੀਜਾ ਹੁਕਮ ਹੈ ਕੀ ਹੈ ? ਫ਼ੁਰਮਾਉਂਦੇ ਹਨ :

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ||

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ||

ਜੇ ਉਸ ਦੇ ਨਾਲ ਪਿਆਰ ਕਰਨਾ ਹੈ ਉਸ ਨਿਮਰਤਾ ਔਰ ਗਰੀਬੀ ਦੇ ਵਿੱਚ" ਮੰਦਾ ਜਾਣੈ ਆਪ ਕਉ ਆਪਣੇ ਆਪ ਨੂੰ ਸਭ ਤੋਂ ਨੀਚ, ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝ ਲਏ ਅਤੇ ਸਾਰਾ ਸੰਸਾਰ ਆਪਣੇ ਨਾਲੋਂ ਉੱਚਾ,

ਹੋਹੁ ਸਭਨਾ ਕੀ ਰੇਣੁਕਾ ਤਉ ਆਾ ਹਮਾਰੈ ਪਾਸਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1102)*

ਆਪੁ ਤਿਆਗਿ ਹੋਈਐ ਸਭ ਰੇਣਾ

ਜੀਵਤਿਆ ਇਉ ਮਰੀਏ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-750)*

ਬਾਬਾ ਨੰਦ ਸਿੰਘ ਸਾਹਿਬ ਨੇ ਫ਼ੁਰਮਾਇਆ ਕਿ ਉਸਤਤ ਸਿਰਫ ਗੁਰੂ ਨਾਨਕ ਦੀ, ਨਿੰਦਿਆ ਸਿਰਫ ਆਪਣੀ, ਤੀਜਾ ਜਣਾਂ ਵਿੱਚ ਹੀ ਨਹੀਂ ਆਉਣਾ ਚਾਹੀਦਾ |

ਸਾਧ ਸੰਗਤ ਜੀ ਇੱਕ ਚੀਜ਼ ਸਾਨੂੰ ਸਦਾ ਯਾਦ ਰੱਖਣੀ ਚਾਹੀਦੀ

ਹੈ ਜੇ ਗੁਰੂ ਨਾਨਕ ਪਾਤਸ਼ਾਹ ਇਹ ਫੁਰਮਾ ਰਹੇ ਹਨ ਕਿ ਪ੍ਰੇਮ ਪਰਾਇਣ ਪ੍ਰੀਤਮ ਰਾਉ || ਨਦਰਿ ਕਰੇ ਤਾ ਬੂਝੈ ਨਾਉ"|| ਉਹ ਪ੍ਰੇਮ ਪਰਾਇਣ ਹੈ, ਉਹ ਪ੍ਰੇਮ ਦਾ ਬੱਧਾ ਹੋਇਆ ਹੈ, ਉਹ ਪ੍ਰੇਮ ਵੱਸ ਹੈ | ਸਭ ਕੁੱਝ ਉਹਦੇ ਵਸ ਹੈ ਪਰ ਉਹ ਪ੍ਰੇਮ ਵਸ ਹੈ|

"ਪ੍ਰੇਮ ਪਰਾਇਣ ਪੀ੍ਰਤਮ ਰਾਉ ਨਦਰਿ ਕਰੇ ਤਾ ਬੂਝੈ ਨਾਉ"|| ਨਦਰਿ ਕਰੇ, ਜਦੋਂ ਸਾਹਿਬ ਨਦਰਿ ਕਰਦੇ ਹਨ ਜਿਹੜਾ ਨਾਮ ਹੈ, ਜਿਹੜਾ ਉਸ ਦਾ ਸਰੂਪ ਹੈ, ਉਹ ਨਾਮ ਨਿਰੰਕਾਰ ਨੂੰ ਸਤਿਗੁਰੂ ਦੇ ਰੂਪ ਵਿੱਚ ਸੰਸਾਰ ਵਿੱਚ ਲੈ ਕੇ ਆਉਂਦਾ ਹੈ | ਸੰਸਾਰ ਵਿੱਚ ਸਤਿਗੁਰੂ ਉਸ ਨਾਮ ਨੂੰ ਲੈ ਕੇ ਆਉਂਦਾ ਹੈ ਅਤੇ ਜਿਸ ਦੇ ਉੱਤੇ ਬਖਸ਼ਿਸ਼ ਕਰ ਦਿੰਦਾ ਹੈ, ਨਦਰਿ ਕਰ ਦਿੰਦਾ ਹੈ ਉਸ ਨੂੰ ਨਾਮ ਦੀ ਸੋਝੀ ਪਾ ਦਿੰਦਾ ਹੈ | ਸਾਧ ਸੰਗਤ ਜੀ ਫਿਰ ਸਾਹਿਬ ਇਹ ਸ਼ਰਤਾਂ ਦੱਸਦੇ ਹਨ, ਉਨ੍ਹਾਂ ਦੇ ਹੁਕਮਾਂ ਦੇ ਵਿੱਚ ਹੀ ਫਿਰ ਕਿਸ ਤਰ੍ਹਾਂ ਗੁਰੂ ਸਾਹਿਬਾਨ ਸਿੱਖੀ ਕਮਾ ਕੇ ਦੱਸਦੇ ਹਨ ਫਿਰ ਆਪਣਾ ਬਲੀਦਾਨ ਦਿੰਦੇ ਹਨ |

ਪ੍ਰੇਮ ਪਰਾਇਣ ਪੀ੍ਰਤਮ ਰਾਉ ||
ਨਦਰਿ ਕਰੇ ਤਾ ਬੂਝੈ ਨਾਉ ||
ਆਪਿ ਦਿਖਾਵੈ ਆਪੇ ਦੇਖੈ ||
ਹਠਿ ਨ ਪਤੀਜੈ ਨਾ ਬਹੁ ਭੇਖੈ ||
ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ||
ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ||
ਆਪੇ ਵਰਖੈ ਅੰਮ੍ਰਿਤ ਧਾਰਾ ||

ਰਤਨ ਜਵੇਹਰ ਲਾਲ ਅਪਾਰਾ ||
ਸਤਿਗੁਰੁ ਮਿਲੈ ਤ ਪੂਰਾ ਪਾਈਐ
ਪ੍ਰੇਮ ਪਦਾਰਥੁ ਪਾਇਦਾ ||
ਪਿਰ ਭਾਵੈ ਪ੍ਰੇਮੁ ਸਖਾਈ ||
ਤਿਸੁ ਬਿਨੁ ਘੜੀ ਨਹੀ ਜਗਿ ਜੀਵਾ
ਐਸੀ ਪਿਆਸ ਤਿਸਾਈ ||੧||
ਸਰਵਰਿ ਕਮਲੁ ਕਿਰਣਿ ਆਕਾਸੀ
ਬਿਗਸੈ ਸਹਜਿ ਸੁਭਾਈ||
ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ||

*ਸ੍ਰੀ ਗੁਰੂ ਨਾਨਕ ਦੇਵ ਜੀ*

# ਨਾਨਕ ਰੁੰਨਾ ਬਾਬਾ ਜਾਣੀਐ

ਸ੍ਰੀ ਗੁਰੂ ਨਾਨਕ ਪਾਤਸ਼ਾਹ ਖੇਡ ਵਰਤਾ ਗਏ, ਗੁਰੂ ਅੰਗਦ ਸਾਹਿਬ ਉਸ ਵਿਛੋੜੇ ਨੂੰ ਝੱਲ ਨਹੀਂ ਸਕਦੇ| ਜਿਨ੍ਹਾਂ ਬਗੈਰ ਇੱਕ ਛਿਨ ਨਹੀਂ ਕੱਟ ਸਕਦੇ ਸੀ ਉਸ ਵੇਲੇ ਇੱਕ ਇਕਾਂਤ ਦੇ ਵਿੱਚ, ਇਸ ਸੰਸਾਰ ਤੋਂ ਉਹਲਾ ਕਰ ਲਿਆ| ਸਾਹਿਬ ਨੇ ਇੱਕ ਇਕਾਂਤ ਅਸਥਾਨ ਤੇ ਘਰ ਦੇ ਵਿੱਚ ਜਿਹੜਾ ਵੈਰਾਗ ਕੀਤਾ ਹੈ, ਜਿਹੜਾ ਪਿਆਰ ਕੀਤਾ ਹੈ ਉਸ ਵਿਛੋੜੇ ਵਿੱਚ, ਉਸ ਬਿਰਹਾ ਦੇ ਵਿੱਚ ਤੜਪੇ ਹਨ, ਜਿਹੜਾ ਰੋਏ ਹਨ ਅਤੇ ਗੁਰੂ ਨਾਨਕ ਦੇ ਉਸ ਵੈਰਾਗ ਵਿੱਚ ਕਿਸੇ ਨੂੰ ਪਤਾ ਨਹੀਂ| ਸੰਗਤ ਲੱਭ (ਭਾਲ) ਰਹੀ ਹੈ ਦੂਜੇ ਗੁਰੂ ਨਾਨਕ ਨੂੰ | ਕਾਫੀ ਅਰਸਾ ਬੀਤ ਗਿਆ

ਹੈ ਬੜੀ ਮੁਸ਼ਕਿਲ ਨਾਲ ਲੱਭਿਆ ਹੈ | ਜਿਸ ਵਕਤ ਸਾਹਿਬ ਜਿਹੜੇ ਉਸ ਵੈਰਾਗ ਵਿੱਚ ਆਪਣੇ ਆਪ ਨੂੰ ਬਿਲਕੁਲ ਹੀ ਉਸ ਵੈਰਾਗ ਦੇ ਸਰੂਪ ਵਿੱਚ ਜਾ ਚੁੱਕੇ ਸੀ, ਉਸ ਵੇਲੇ ਜਿਸ ਵਕਤ ਉਨ੍ਹਾਂ ਦੇ ਦਰਸ਼ਨ ਕੀਤੇ ਹਨ ਜਦੋਂ ਬਾਹਰ ਆਏ ਹਨ ਸੰਗਤ ਹੈਰਾਨ ਹੈ ਉਸ ਵੈਰਾਗ ਨੂੰ ਦੇਖ ਕੇ ਉਸ ਪ੍ਰੇਮ ਨੂੰ ਦੇਖ ਕੇ ਜਿਸ ਵਕਤ ਰੋ ਰੋ ਕੇ ਚਰਨ ਕਮਲਾਂ ਤੇ ਡਿੱਗੇ ਹਨ ਤੇ ਸਾਹਿਬ ਨੂੰ ਪੁੱਛਦੇ ਹਨ ਕਿ,

ਸਾਨੂੰ ਗੁਰੂ ਨਾਨਕ ਪਾਤਸ਼ਾਹ ਆਪ ਜੀ ਦੇ ਲੜ ਲਾ ਗਏ ਹਨ, ਸਾਡੇ ਗੁਰੂ ਨਾਨਕ ਇਸ ਵੇਲੇ ਤੁਸੀਂ ਹੋ ਗਰੀਬ ਨਿਵਾਜ਼! ਅਸੀ ਇਸ ਵੇਲੇ ਤੁਹਾਡੇ ਬਗੈਰ ਕਿੱਥੇ ਜਾਈਏ| ਜਿਸ ਵਕਤ ਉਹ ਰੁਧਨ ਕਰ ਰਹੇ ਹਨ ਉਸ ਵੇਲੇ ਮੇਰੇ ਸਾਹਿਬ ਸ਼ਬਦ ਕੀ ਉਚਾਰਦੇ ਹਨ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ||

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-83)*

ਜਿਸ ਤਰ੍ਹਾਂ ਦਾ ਪ੍ਰੇਮ ਉਸ ਵੇਲੇ ਸਾਹਿਬ ਨੇ ਆਪ ਕੀਤਾ ਹੈ, ਜਿਸ ਤਰ੍ਹਾਂ ਦਾ ਵੈਰਾਗ ਆਪ ਕੀਤਾ ਹੈ ਉਸ ਵੇਲੇ ਕਿਹੜੀ ਸੋਝੀ ਇਸ ਸੰਸਾਰ ਨੂੰ ਪਾ ਰਹੇ ਹਨ, ਕਿਹੜੀ ਸੋਝੀ ਸਿੱਖਾਂ ਨੂੰ ਪਾ ਰਹੇ ਹਨ? ਜਿਸ ਵਕਤ ਗੁਰੂ ਅੰਗਦ ਸਾਹਿਬ ਹੁਣ ਬਾਹਰ ਆਏ ਹਨ, ਤਸ਼ਰੀਫ ਲਿਆਏ ਹਨ ਉਸ ਵੇਲੇ ਪ੍ਰਤੱਖ ਗੁਰੂ ਨਾਨਕ ਦੇ ਦਰਸ਼ਨ ਹੋ ਰਹੇ ਹਨ | ਉਹ ਜਿਹੜਾ ਪ੍ਰੇਮ ਹੈ ਗੁਰੂ ਨਾਨਕ ਪਾਤਸ਼ਾਹ ਨਾਲ, ਜਿਹੜਾ ਵੈਰਾਗ ਕੀਤਾ ਹੈ ਹੁਣ ਉਸ ਵੈਰਾਗ ਦੇ ਵਿੱਚ, ਗੁਰੂ ਨਾਨਕ ਪਾਤਸ਼ਾਹ ਆਪਣਾ ਹੀ ਸਰੂਪ

ਉਸ ਵੇਲੇ ਪ੍ਰਤੱਖ ਗੁਰੂ ਅੰਗਦ ਸਾਹਿਬ ਨੂੰ ਬਖਸ਼ ਦਿੰਦੇ ਹਨ ਅਤੇ ਸੰਗਤ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਸੰਗਤ ਉਸ ਵੇਲੇ ਪ੍ਰਤੱਖ ਗੁਰੂ ਨਾਨਕ ਦੇ ਕਰ ਰਹੀ ਹੈ |

ਸਾਧ ਸੰਗਤ ਜੀ ਪਿਤਾ ਜੀਇੱਕਦਿਨ ਕਹਿਣ ਲੱਗੇ ਕਿ ਪੁੱਤ, ਇਸ ਪ੍ਰੇਮ ਦੀ ਪਰਿਭਾਸ਼ਾ ਕੀ ਹੈ ? ਕਹਿਣ ਲੱਗੇ ਹੰਝੂ, ਫਿਰ ਕਹਿਣ ਲੱਗੇ ਇਸ ਪ੍ਰੇਮ ਦਾ ਨਿਖ਼ਾਰ ਕੀ ਹੈ? ਕਹਿਣ ਲੱਗੇ ਜਿਹੜੀ ਇਹ ਅੰਮ੍ਰਿਤ ਧਾਰਾ ਹੰਝੂਆਂ ਰਾਹੀਂ ਵਗਦੀ ਹੈ ਇਹ ਇਸ ਪ੍ਰੇਮ ਦਾ ਨਿਖ਼ਾਰ ਹੈ| ਗੁਰੂ ਦੇ, ਨਿਰੰਕਾਰ ਦੇ ਪ੍ਰੇਮ ਦਾ ਸਾਰ ਕੀ ਹੈ ? ਉਹ ਕਹਿਣ ਲੱਗੇ ਹੰਝੂ ਹੈ | ਉਸ ਪ੍ਰੇਮ ਦੀ ਰੂਪ-ਰੇਖਾ ਕੀ ਹੈ ? ਉਹ ਹੰਝੂ ਹਨ | ਜਿਸ ਵਕਤ ਉਸ ਦੇ ਪਿਆਰ ਵਿੱਚ ਵੈਰਾਗ ਆਵੇ, ਰੋਣਾਂ ਆਏ ਉਸ ਰੋਣ ਵਿੱਚ ਆਪਣੇ ਸਾਹਿਬ ਸਤਿਗੁਰੂ ਦੇ ਚਰਨ-ਕਮਲਾਂ ਦਾ ਇਸ਼ਨਾਨ ਕਰਵਾਇਆ ਜਾਏ, ਉਸ ਵਕਤ ਪ੍ਰੇਮ ਰੋਮ-ਰੋਮ ਵਿੱਚ ਸਮਾਇਆ ਹੁੰਦਾ ਹੈ,

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ||
ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ ||
ਰੋਵਣੁ ਸਗਲ ਬਿਕਾਰੋ
ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ||
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ||
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ||
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ||

*ਸ੍ਰੀ ਗੁਰੂ ਨਾਨਕ ਦੇਵ ਜੀ*

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ||
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ||

*ਸ੍ਰੀ ਗੁਰੂ ਅੰਗਦ ਦੇਵ ਜੀ*

# ਗੁਰ ਸਿੱਖਾਂ ਇਕੋ ਪਿਆਰ

ਸਾਧ ਸੰਗਤ ਜੀ ਗੁਰੂ ਨਾਨਕ ਪਾਤਸ਼ਾਹ ਦੇ ਇਹ ਫ਼ੁਰਮਾਣ ਤੁਸੀਂ ਸੁਣੇ| ਗੁਰੂ ਅੰਗਦ ਸਾਹਿਬ ਨੇ ਤਾਂ ਉਸ ਪ੍ਰੇਮ ਦਾ ਸਾਰਾ ਹੀ ਪ੍ਰਕਾਸ਼ ਆਪਣੇ ਇੱਕ ਹੀ ਸ਼ਬਦ ਦੇ ਵਿੱਚ ਸਾਨੂੰ ਬਖਸ਼ ਦਿੱਤਾ ਹੈ |

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ,
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ"

ਸਾਧ ਸੰਗਤ ਜੀ, ਗੁਰੂ ਅਮਰਦਾਸ ਸਾਹਿਬ ਜੀ ਸੱਚੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਦੇ ਚਰਨਾਂ ਵਿੱਚ ਆਉਂਦੇ ਹਨ | ਜਿਸ ਨਿਮਰਤਾ ਅਤੇ ਗਰੀਬੀ ਵਿੱਚ ਉਨ੍ਹਾਂ ਦੇ ਚਰਨ ਕਮਲਾਂ ਦੀ ਧੂੜ ਬਣ ਜਾਂਦੇ ਹਨ ਜਿਸ ਤਰ੍ਹਾਂ ਆਪਣੇ ਸਾਹਿਬ ਨਾਲ ਪਿਆਰ ਕਰਦੇ ਹਨ,

ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ||
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨਾ ਬਿਰਥਾ ਕੋਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-35)*

ਇੱਕ ਤਿਲ ਵੀ ਮੇਰਾ ਪਿਆਰਾ ਮੇਰੇ ਕੋਲੋਂ ਵਿਛੜ ਜਾਏ ਉਹ ਕਿਹੜੀ ਭਗਤੀ, ਉਹ ਕਿਹੜਾ ਪ੍ਰੇਮ, "ਮਨੁ-ਤਨੁ ਸੀਤਲੁ ਸਾਚ

ਸਿਉ ਸਾਸੁ ਨਾ ਬਿਰਥਾ ਕੋਇ" ਮੇਰਾ ਮਨ ਔਰ ਤਨ ਰੰਗਿਆਂ ਪਿਆ ਹੈ ਉਸ ਪ੍ਰੇਮ ਦੇ ਵਿੱਚ, ਉਸ ਸੀਤਲਤਾ ਦੇ ਵਿੱਚ, ਸਾਸੁ ਨਾ ਬਿਰਥਾ ਕੋਇ, ਇੱਕ ਸੁਆਸ ਨਹੀਂ ਬਿਰਥਾ ਜਾ ਸਕਦਾ | ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਆਪਣੇ ਸਤਿਗੁਰੂ ਦੇ ਪ੍ਰੇਮ ਦੇ ਪ੍ਰਕਾਸ਼ ਵਿੱਚ ਜਿਸ ਤਰ੍ਹਾਂ ਉਹ ਇਸ਼ਨਾਨ ਕਰਦੇ ਹਨ, ਆਪਣੀ ਹੀ ਜੋ ਗੁਰਬਾਣੀ ਉਨ੍ਹਾਂ ਦੀ ਰਚੀ ਹੋਈ ਹੈ ਉਸ ਪ੍ਰੇਮ ਦੇ ਝਲਕ ਮਾਤਰ ਦਰਸ਼ਨ,

ਜਿਨਾ ਗੁਰੁ ਪਿਆਰਾ ਮਨਿ ਚਿਤਿ  
ਤਿਨਾ ਭਾਉ ਗੁਰੂ ਦੇਵਾਈਆ ||  
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ||  
ਗੁਰੁ ਸਤਿਗੁਰੁ ਬੋਲਹੁ ਸਭਿ  
ਗੁਰੁ ਆਖਿ ਗੁਰੂ ਜੀਵਾਈਆ ||  
ਬਿਨੁ ਪਿਆਰੈ ਭਗਤਿ ਨ ਹੋਵਈ  
ਨਾ ਸੁਖੁ ਹੋਇ ਸਰੀਰਿ ||  
ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ||  
ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ||  
ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ||  
ਹੁਕਮੁ ਭੀ ਤਿਨਾ ਮਨਾਇਸੀ  
ਜਿਨੇ ਕਉ ਨਦਰਿ ਕਰੇਇ ||  
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ||

ਆਪੇ ਮੇਲੇ ਆਪਿ ਮਿਲਾਏ ||
ਆਪਣਾ ਪਿਆਰੁ ਆਪੇ ਲਾਏ ||
ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ ||
ਆਪੇ ਬਖਸੇ ਦੇਇ ਪਿਆਰੁ ||
ਹਉਮੈ ਰੋਗੁ ਵਡਾ ਸੰਸਾਰਿ ||
ਗੁਰ ਕਿਰਪਾ ਤੇ ਏਹੁ ਰੋਗੁ ਜਾਇ ||
ਨਾਨਕ ਸਾਚੇ ਸਾਚਿ ਸਮਾਇ ||

*ਸ੍ਰੀ ਗੁਰੂ ਅਮਰਦਾਸ ਜੀ*

ਸਾਧ ਸੰਗਤ ਜੀ ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਆਪਣੇ ਸ਼ਬਦਾਂ ਦੇ ਵਿੱਚ ਫੁਰਮਾ ਰਹੇ ਹਨ, ਆਪਣਾ ਪਿਆਰ ਗੁਰੂ ਆਪ ਹੀ ਬਖਸ਼ਦਾ ਹੈ | ਪ੍ਰੇਮ ਪਦਾਰਥ ਗੁਰੂ ਕੋਲੋਂ ਪ੍ਰਾਪਤ ਹੁੰਦਾ ਹੈ ਫਿਰ ਸਾਹਿਬ ਫਰਮਾਉਂਦੇ ਹਨ ਕਿ ਹੁਕਮ ਅਤੇ ਰਜ਼ਾ ਵਿੱਚ ਗੁਰੂ ਹੀ ਆਪਣੇ ਆਪ ਸਿੱਖ ਨੂੰ ਲੈ ਆਉਂਦਾ ਹੈ ਅਤੇ ਜਿਹੜਾ ਹੁਕਮ ਅਤੇ ਰਜ਼ਾ ਵਿੱਚ ਆ ਜਾਂਦਾ ਹੈ, ਜਿਹੜਾ ਗੁਰੂ ਦੀ ਮਰਜ਼ੀ ਵਿਚ ਆ ਜਾਂਦਾ ਹੈ, ਗੁਰੂ ਦੇ ਭਾਣੇ ਵਿੱਚ ਆ ਜਾਂਦਾ ਹੈ ਉਹੀ (ਜੀਵ ਇਸਤਰੀ) ਪ੍ਰੇਮ ਸੁਹਾਗਣ ਹੈ, ਉਹ ਅਸਲੀ ਪ੍ਰੇਮ ਕਰ ਰਿਹਾ ਹੈ | ਸਾਹਿਬ ਫਿਰ ਆਪ ਹੀ ਫੁਰਮਾਉਂਦੇ ਹਨ, “ਆਪੇ ਮੇਲੇ ਆਪਿ ਮਿਲਾਏ || “ਆਪਣਾ ਪਿਆਰੁ ਆਪੇ ਲਾਏ”||

ਸਾਧ ਸੰਗਤ ਜੀ ਸਤਿਗੁਰੂ ਸਭ ਤੋਂ ਵੱਡੀ ਬਖਸ਼ਿਸ਼ ਕਰਦਾ

ਹੈ ਜਦੋਂ ਆਪਣੀ ਸ਼ਰਨ ਵਿਚ ਆਪ ਹੀ ਲੈ ਆਉਂਦਾ ਹੈ ਅਤੇ ਆਪ ਹੀ ਉਸ ਪਿਆਰ ਦੇ ਵਿਚ ਉਸ ਪਿਆਰ ਨੂੰ ਜਗਾ ਦਿੰਦਾ ਹੈ | "ਹਉਮੈਂ" ਇਸ ਪਿਆਰ ਦੇ ਵਿੱਚ ਸਭ ਤੋਂ ਵੱਡੀ ਰੁਕਾਵਟ ਪਾਉਂਦੀ ਹੈ ਸਾਹਿਬ ਫੁਰਮਾਉਂਦੇ ਹਨ:

ਆਪੇ ਬਖਸੇ ਦੇਇ ਪਿਆਰੁ ||

ਹਉਮੈ ਰੋਗੁ ਵਡਾ ਸੰਸਾਰਿ ||

ਗੁਰ ਕਿਰਪਾ ਤੇ ਏਹੁ ਰੋਗੁ ਜਾਇ ||

ਨਾਨਕ ਸਾਚੇ ਸਾਚਿ ਸਮਾਇ ||

ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਚਰਨ ਕਮਲਾਂ ਵਿਚ ਤਸ਼ਰੀਫ ਲਿਆਉਂਦੇ ਹਨ ਇਸ ਪ੍ਰੇਮ ਦੇ ਉੱਤੇ, ਜੋ ਨਿਰੰਕਾਰ ਦਾ, ਸਤਿਗੁਰੂ ਦਾ ਪ੍ਰੇਮ ਹੈ, ਉਸ ਪ੍ਰੇਮ ਦੇ ਉੱਤੇ ਉਹ ਸਾਹਿਬ ਜਿਸ ਤਰ੍ਹਾਂ ਉਨ੍ਹਾਂ ਨੇ ਆਪ ਪ੍ਰੇਮ ਕੀਤਾ ਹੈ ਗੁਰੂ ਅਮਰਦਾਸ ਜੀ ਨਾਲ ਉਹ ਕੀ ਪ੍ਰਕਾਸ਼ ਪਾਉਂਦੇ ਹਨ?

ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ||

ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ||

ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ||

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ||

ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ||

ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ||

ਗੁਰੁ ਸੁੰਦਰੁ ਮੋਹਨੁ ਪਾਇ ਕਰੇ

ਹਰਿ ਪ੍ਰੇਮ ਬਾਣੀ ਮਨੁ ਮਾਰਿਆ ||

ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ
ਮਨ ਆਸਾ ਚਿੰਤ ਵਿਸਾਰਿਆ ||
ਮੈ ਅੰਤਰਿ ਵੇਦਨ ਪ੍ਰੇਮ ਕੀ
ਗੁਰ ਦੇਖਤ ਮਨੁ ਸਾਧਾਰਿਆ ||
ਵਡਭਾਗੀ ਪ੍ਰਭ ਆਇ ਮਿਲੁ
ਜਨੁ ਨਾਨਕੁ ਖਿਨੁ ਖਿਨੁ ਵਾਰਿਆ ||
ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ
ਸੁ ਕੂੜੀ ਆਵੈ ਕੂੜੀ ਜਾਵੈ ||
ਗਰੁਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ||
ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ||
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ||
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ||

*ਸ੍ਰੀ ਗੁਰੂ ਰਾਮਦਾਸ ਜੀ*

ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਫੁਰਮਾ ਰਹੇ ਹਨ, “ਸਚਾ ਪ੍ਰੇਮ ਪਿਆਰ ਗੁਰ ਪੂਰੇ ਤੇ ਪਾਈਐ || ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ”|| ਸਾਧ ਸੰਗਤ ਜੀ ਇਕ ਚੀਜ਼ ਚੇਤੇ ਰੱਖਣ ਵਾਲੀ ਹੈ ਮੇਰੇ ਸਾਹਿਬ ਫੁਰਮਾ ਰਹੇ ਹਨ :

ਇਹ ਸੱਚਾ ਪ੍ਰੇਮ ਪਿਆਰ, ਇਹ ਨਿਰਮਲ ਪ੍ਰੇਮ ਪਿਆਰ ਜਿਹੜਾ ਗੁਰੂ ਬਖਸ਼ਦਾ ਹੈ ਇਹ ਅਭੰਗ ਹੈ, ਅਖੰਡ ਹੈ, ਅਟੁੱਟ ਹੈ, ਅਬਿਨਾਸੀ ਹੈ |

# ਕੋਈ ਵਿਰਲਾ ਆਪਨ ਕੀਤ

ਸਾਧ ਸੰਗਤ ਜੀ ਵਿਛੋੜੇ ਵਿਚ ਗੁਰੂ ਅਰਜਨ ਪਾਤਸ਼ਾਹ ਨੇ ਜਿਹੜੀਆਂ ਲਾਹੌਰ ਤੋਂ ਚਿੱਠੀਆਂ ਲਿਖੀਆਂ ਹਨ | ਜਿਸ ਪ੍ਰੇਮ-ਪ੍ਰਕਾਸ਼ ਦੇ ਵਿੱਚ ਉਹ ਰੰਗੀਆਂ ਹੋਈਆਂ ਹਨ, ਉਨ੍ਹਾਂ ਦੀ ਪੂਰੀ ਦੀ ਪੂਰੀ ਅੰਮ੍ਰਿਤ ਬਾਣੀ ਜਿਹੜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਅੱਧੀ ਤੋਂ ਜਿਆਦਾ ਬਾਣੀ ਉਨ੍ਹਾਂ ਦੀ ਹੈ ਸਾਰਾ ਹੀ ਪ੍ਰੇਮ ਹੀ ਪ੍ਰੇਮ ਪ੍ਰਕਾਸ਼ ਹੈ |

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ || ਉਸ ਪ੍ਰੇਮ ਦੀ ਤੁਲਨਾਂ ਦੇ ਵਿਚ ਕੋਈ ਚੀਜ਼ ਤੁਲ ਸਕਦੀ ਹੈ? ਇਹ ਸਾਰੀ ਸੰਪੱਤਿ ਕੀ ਮੁਕਤੀ ਵਿੱਚ ਸ਼ਾਮਿਲ ਕਰਕੇ ਹੈ ਜਾਂ ਉਹ ਰਾਜ ਪਾਟ ਵੀ ਹੈ ਅਤੇ ਸਾਰੇ ਰਾਜਾਂ ਦੀ, ਸਵਰਗ ਦਾ ਰਾਜ ਸ਼ਾਮਿਲ ਕਰਕੇ, ਪ੍ਰੇਮ ਦੀ ਤੁਲਨਾ ਦੇ ਵਿਚ ਬੜੀ ਤੁੱਛ ਜਾਪਦੀ ਹੈ | ਗੁਰੂ ਅਰਜਨ ਪਾਤਸ਼ਾਹ ਉਸ ਪ੍ਰੇਮ ਦੇ ਬਾਰੇ ਜਿਸ ਵਕਤ ਫੁਰਮਾਉਂਦੇ ਹਨ “ਮਾਈ ਮੇਰੇ ਮਨ ਕੀ ਪ੍ਰੀਤ || ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ” || ਇਹ ਕਰਮ, ਧਰਮ ਤੋ ਬਹੁਤ ਉੱਚਾ ਹੈ ਜਿਸ ਵਕਤ ਸਾਹਿਬ ਕਹਿੰਦੇ ਹਨ ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ || ਕੋਟਿ ਜਾਪ ਤਾਪ ਸੁਖ ਪਾਏ ਆਇ ਮਿਲੇ ਪੂਰਨ ਬਡਭਾਗੀ || ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਆਪਣੇ ਸਾਹਿਬ, ਸਤਿਗੁਰੂ ਗੁਰੂ ਨਾਨਕ ਦੇ ਚਰਨਾਂ ਨਾਲ ਪੀ੍ਰਤ ਲਗ ਜਾਏ ਸਾਰੇ ਜਪਾਂ ਤਪਾਂ ਦਾ ਫਲ ਇਹਦੇ ਵਿਚ ਆ ਗਿਆ | ਫਿਰ ਪਿਤਾ ਜੀ ਨੇ ਦੋ ਤਿੰਨ ਚੀਜਾਂ ਕਹੀਆਂ, ਉਸ ਪ੍ਰੇਮ ਦੇ ਵਿਚ ਕੋਈ ਕਰਮ ਨਹੀਂ ਹੈ |

ਜਿਹੜਾ ਪ੍ਰੇਮ ਦੇ ਵਿੱਚ ਰੰਗਿਆ ਹੋਇਆ ਹੈ, ਜਿਹੜਾ ਸਾਹਿਬ ਦੀ ਮਰਜੀ, ਉਹਦੇ ਭਾਣੇ ਵਿੱਚ ਆ ਚੁੱਕਿਆ ਹੈ, ਜਿਹੜਾ ਹਰ ਵੇਲੇ ਤੂੰ ਹੀ ਤੂੰ ਕਰ ਰਿਹਾ ਹੈ ਉਹ ਪ੍ਰੇਮ ਦੇ ਵਿੱਚ ਹੈ| ਜਿਸ ਵਕਤ ਆਪਾਂ ਕੋਈ ਇੱਛਾ ਰੱਖਦੇ ਹਾਂ ਕਰਮ ਦੀ ਇੱਛਾ ਰੱਖਦੇ ਹਾਂ, ਕੋਈ ਫਲ ਦੀ ਇੱਛਾ ਰੱਖਦੇ ਹਾਂ ਕਿ ਸਾਡਾ ਲਾਭ, ਸਾਡਾ ਫਾਇਦਾ ਇਹਦੇ ਵਿੱਚ ਕੀ ਹੋਏਗਾ, ਜਦੋਂ ਫਲ ਸਾਡੇ ਹੱਥ ਵਿੱਚ ਹੈ ਹੀ ਨਹੀਂ, ਫਲ ਤਾਂ ਹੈ ਹੀ ਗੁਰੂ ਦੇ ਹੁਕਮ ਵਿੱਚ, ਜੇ ਗੁਰੂ ਦੀ ਮਰਜੀ ਵਿੱਚ ਆ ਗਿਆ, ਜਿਹੜਾ ਫਲ ਲੋੜਦਾ ਹੀ ਨਹੀਂ ਉਹ ਅਸਲ ਪ੍ਰੇਮ ਕਰ ਰਿਹਾ ਹੈ | ਸਾਧ ਸੰਗਤ ਜੀ ਨਿਸ਼ਕਾਮਤਾ ਹੀ ਅਸਲ ਪ੍ਰੇਮ ਹੈ | ਜਿਹੜਾ ਪ੍ਰੇਮ ਕਰ ਰਿਹਾ ਹੈ ਉਹ ਪੂਰਨ ਨਿਸ਼ਕਾਮਤਾ ਵਿੱਚ ਹੋਵੇਗਾ, ਉਸਦੀ ਹਰ ਇੱਕ ਚੀਜ਼ ਨਿਸ਼ਕਾਮਤਾ ਵਿੱਚ ਹੋਵੇਗੀ | ਉਹ ਨਿਰਾ ਪ੍ਰੇਮ ਕਰ ਰਿਹਾ ਹੈ | ਜਦ ਉਹ ਕਿਸੇ ਕਰਮ ਦਾ ਫਲ ਹੀ ਨਹੀਂ ਮੰਗ ਰਿਹਾ ਤਾਂ ਉਹ ਕਰਮ ਕਰ ਹੀ ਨਹੀਂ ਰਿਹਾ | “ਕਰਮ ਕਰਤ ਹੋਵੇ ਨਿਹਕਰਮ” |ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ||

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ

ਨਿਮਖ ਸਿਮਰਤ ਜਿਤੁ ਛੂਟੈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-747)*

ਕਰਮ ਕਰਤ ਹੋਵੈ ਨਿਹਕਰਮ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-274)*

ਗੁਰੂ ਰਾਮ ਦਾਸ ਜੀ ਤੋਂ ਥੋੜ੍ਹਾ ਜਿਹਾ ਵਿਛੋੜਾ ਹੋਇਆ ਹੈ

ਤਾਂ ਉਸ ਵੇਲੇ ਜਿਸ ਪ੍ਰੇਮ ਵਿਚ ਰਤੇ ਹੋਏ,

ਬਿਲਪ ਕਰੇ ਚਾਤ੍ਰਿਕ ਕੀ ਨਿਆਈ||

"ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ"|

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-96-97)*

ਉਸ ਪ੍ਰੇਮ ਦੇ ਵਿੱਚ ਜਿਸ ਤਰ੍ਹਾਂ ਉਹ ਵੈਰਾਗ ਕੀਤਾ ਹੈ, ਗੁਰੂ ਅਰਜਨ ਪਾਤਸ਼ਾਹ ਨੇ ਫਿਰ ਗੁਰਗੱਦੀ ਤੇ ਬੈਠ ਕੇ ਉਸ ਅੰਮ੍ਰਿਤ ਬਾਣੀ ਦੀ ਵਰਖਾ ਕੀਤੀ ਹੈ, ਉਨ੍ਹਾਂ ਦੀ ਬਾਣੀ ਵਿੱਚ ਉਸ ਪ੍ਰੇਮ ਦੇ ਸਮੁੰਦਰ ਦੇ ਹੜ ਵਗਦੇ ਹਨ,

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ||

ਅਤਿ ਸੁੰਦਰ ਮਨਮੋਹਨ ਪਿਆਰੇ

ਸਭਹੂ ਮਧਿ ਨਿਰਾਰੇ || ਰਹਾਉ||

ਰਾਜੁ ਨ ਚਾਹਉ ਮੁਕਤਿ ਨ ਚਾਹਉ

ਮਨਿ ਪ੍ਰੀਤਿ ਚਰਨ ਕਮਲਾਰੇ ||

ਮਾਈ ਮੇਰੇ ਮਨ ਕੀ ਪ੍ਰੀਤਿ ||

ਏਹੀ ਕਰਮ ਧਰਮ ਜਪ ਏਹੀ

ਰਾਮ ਨਾਮ ਨਿਰਮਲ ਹੈ ਰੀਤਿ ||

ਜੋ ਸੁਖੁ ਦਰਸਨੁ ਪੇਖਤੇ ਪਿਆਰੇ

ਮੁਖ ਤੇ ਕਹਣੁ ਨ ਜਾਇ ||

ਸਾਚੀ ਪ੍ਰੀਤਿ ਨ ਤੁਟਈ ਪਿਆਰੇ

ਜੁਗੁ ਜੁਗੁ ਰਹੀ ਸਮਾਇ ||
ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ ||
ਕੋਟਿ ਜਾਪ ਤਾਪ ਸੁਖ ਪਾਏ
ਆਇ ਮਿਲੇ ਪੂਰਨ ਬਡਭਾਗੀ ||
ਮਾਈ ਚਰਨ ਗੁਰ ਮੀਠੇ ||
ਵਡੈ ਭਾਗਿ ਦੇਵੈ ਪਰਮੇਸਰੁ
ਕੋਟਿ ਫਲਾ ਦਰਸਨ ਗੁਰ ਡੀਠੇ ||
ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ||
ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ||
ਚਰਨ ਕਮਲ ਸਿਉ ਲਾਗਉ ਨੇਹੁ ||
ਨਾਨਕ ਕੀ ਬੇਨੰਤੀ ਏਹ ||
ਕੋਈ ਵਿਰਲਾ ਆਪਨ ਕੀਤ ||
ਸੰਗਿ ਚਰਨ ਕਮਲ ਮਨੁ ਸੀਤ ||
ਕਰਿ ਕਿਰਪਾ ਹਰਿ ਜਸੁ ਦੀਤ ||

*ਸ੍ਰੀ ਗੁਰੂ ਅਰਜਨ ਦੇਵ ਜੀ*

## ਜਗਤ ਮੈ ਝੂਠੀ ਦੇਖੀ ਪ੍ਰੀਤ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਇਸ ਪ੍ਰੇਮ ਦੇ ਉਤੇ ਫੁਰਮਾਉਂਦੇ ਹਨ :

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ||

ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1428)*

ਸਿਰਫ ਹਰੀ ਦਾ ਪ੍ਰੇਮ ਹੀ ਥਿਰ ਹੈ, ਸਦੀਵੀ ਹੈ, ਨਿਤ ਹੈ, ਅਬਿਨਾਸ਼ੀ ਹੈ | ਨਾਨਕ ਥਿਰੁ ਹਰਿ ਭਗਤਿ ਹੈ ਜਿਸ ਵਕਤ ਫੁਰਮਾਉਂਦੇ ਹਨ "ਜਗਤ ਮੈ ਝੂਠੀ ਦੇਖੀ ਪ੍ਰੀਤਿ || ਸਾਧ ਸੰਗਤ ਜੀ ਬਾਕੀ ਸਾਰੀ ਪ੍ਰੀਤ," ਇਸ ਸੰਸਾਰ ਦਾ ਸਾਰਾ ਪ੍ਰੇਮ ਝੂਠਾ ਹੈ | ਸਾਹਿਬ ਫਿਰ ਇਕ ਜਗਾ ਫੁਰਮਾਉਂਦੇ ਹਨ,

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ||
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤ ||

ਕਰੋੜਾਂ ਵਿੱਚ ਕੋਈ ਵਿਰਲਾ ਹੀ ਹੈ ਜਿਸਨੂੰ ਹਰ ਵੇਲੇ ਉਹ ਨਰਾਇਣ ਚਿਤ ਦੇ ਵਿੱਚ ਰਹਿੰਦਾ ਹੈ, ਉਹ ਪ੍ਰੇਮ ਚਿੱਤ ਵਿੱਚ ਰਹਿੰਦਾ ਹੈ | ਇਸ ਪ੍ਰੇਮ ਦੇ ਉਤੇ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਂਦੇ ਹਨ,

ਸਤਿਗੁਰੂ ਸਿੱਖ ਵਿੱਚ ਇੱਕੋ ਹੀ ਵਸਤੂ 'ਪ੍ਰੇਮ' ਨੂੰ ਦੇਖਦਾ ਹੈ, ਇੱਕੋ ਹੀ ਥਰਮਾਮੀਟਰ ਲਗਾਉਂਦਾ ਹੈ ਜਿਸ ਦੇ ਵਿੱਚ ਸਿਰਫ ਪ੍ਰੇਮ ਚੜ੍ਹਦਾ ਹੈ ਕੋਈ ਹੋਰ ਚੀਜ਼ ਨਹੀਂ ਦੇਖਦਾ |

ਫੁਰਮਾਇਆ ਭਗਤੀ ਨੌ ਪ੍ਰਕਾਰ ਦੀ ਹੈ ਜਿਸ ਤਰ੍ਹਾਂ ਨਾਮ ਸਿਮਰਨ, ਕੀਰਤਨ, ਸੇਵਾ | ਹਰ ਇਕ ਭਗਤੀ ਉਦੋਂ ਹੀ ਪ੍ਰਵਾਨ ਹੈ ਜਿਸ ਵਕਤ ਪੂਰਨ ਪ੍ਰੇਮਾ ਭਗਤੀ ਵਿੱਚ ਨਾਮ ਸਿਮਰਨ, ਕੀਰਤਨ, ਸੇਵਾ, ਡੰਡੌਤ ਬੰਦਨਾਂ ਹੋ ਰਹੀ ਹੈ | ਭਾਵੇਂ ਉਹ ਸਰਵਨ ਭਗਤੀ ਹੈ ਯਾ ਧਿਆਨ ਭਗਤੀ ਹੈ, ਉਹ ਸਭ ਉਦੋਂ ਹੀ ਪ੍ਰਵਾਨ ਹੈ, ਉਹ ਸਿਰੇ ਉਦੋਂ ਚੜ੍ਹਦੀ ਹੈ ਜਦੋਂ ਪ੍ਰੇਮਾ ਭਗਤੀ ਵਿਚ ਪੂਰੀ ਹੈ| ਫੁਰਮਾਇਆ :

ਪ੍ਰੇਮ ਵਿੱਚ ਸਿੱਖ ਨੇ ਦੇਣਾ ਹੀ ਦੇਣਾ ਹੈ ਲੈਣਾ ਕੁਝ ਨਹੀਂ, ਜੇ ਲੈਣ ਵਿੱਚ ਹੈ ਤਾਂ ਜੁਦਾਈ ਹੈ ਪਰ ਪ੍ਰੇਮ ਦੇ ਵਿੱਚ ਜੁਦਾਈ ਦੀ ਕੋਈ ਜਗ੍ਹਾ ਨਹੀਂ ਹੈ | ਉਸ ਨੇ ਆਪਣਾ ਸਭ ਕੁਝ ਸਾਹਿਬ ਦੇ ਉੱਤੇ ਨਿਛਾਵਰ ਕਰ ਦੇਣਾ ਹੈ, ਕੁਰਬਾਨ ਕਰ ਦੇਣਾ ਹੈ |

ਜਗਤ ਮੈ ਝੂਠੀ ਦੇਖੀ ਪ੍ਰੀਤਿ ||

ਅਪਨੇ ਹੀ ਸੁਖ ਸਿਉ ਸਭ ਲਾਗੇ

ਕਿਆ ਦਾਰਾ ਕਿਆ ਮੀਤ || ਰਹਾਉ

ਮੇਰਉ ਮੇਰਉ ਸਭੈ ਕਹਤ ਹੈ

ਹਿਤ ਸਿਉ ਬਾਧਿਓ ਚੀਤ ||

ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-536)*

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ

ਬੈਠਿ ਰਹਿਓ ਬਕ ਧਿਆਨ ਲਗਾਇਓ||

ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ

ਲੋਕ ਗਇਓ ਪਰਲੋਕ ਗਵਾਇਓ||

ਬਾਸੁ ਕੀਓ ਬਿਖਿਆਨ ਸੋ ਬੈਠ ਕੇ

ਐਸੇ ਹੀ ਐਸੁ ਸੁ ਬੈਸ ਬਿਤਾਇਓ||

ਸਾਚੁ ਕਹੌ ਸੁਨ ਲੇਹੁ ਸਭੈ

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ||

*ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ*

# ਨਿਰੰਕਾਰ ਦੀ ਪ੍ਰੇਮ ਲੀਲ੍ਹਾ ਨੂੰ ਸੰਪੂਰਨ ਕਿਨੇ-ਕਿਨੇ ਖੇਡਿਆ ਹੈ?

ਸਾਧ ਸੰਗਤ ਜੀ ਅੱਜ ਕਿਹੜਾ ਦਿਵਸ ਹੈ, ਅੱਜ ਉਹ ਦਿਵਸ ਹੈ ਜਿਸ ਵਕਤ ਮੇਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਆਪਣੀ ਪੂਰੀ 'ਪ੍ਰੇਮ ਲੀਲ੍ਹਾ' ਰਚ ਕੇ ਸਾਨੂੰ ਸਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿੱਚ ਸੌਂਪ ਕੇ ਅਲੋਪ ਹੋ ਗਏ | ਗੁਰੂ ਨਾਨਕ ਪਾਤਸ਼ਾਹ, ਗੁਰੂ ਅੰਗਦ ਸਾਹਿਬ ਨੂੰ ਆਪਣੀ ਜ਼ਿੰਦਗੀ ਦੇ ਵਿੱਚ ਆਪ ਹੀ ਆਪਣੀ ਗੁਰਗੱਦੀ ਤੇ ਅਸਥਾਪਨ ਕਰਦੇ ਹਨ ਅਤੇ ਉਨ੍ਹਾਂ ਦੇ ਚਰਨ ਕਮਲਾਂ ਦੇ ਉੱਤੇ ਆਪਣਾ ਮਸਤਕ ਰੱਖ ਦਿੰਦੇਂ ਹਨ ਪਰ ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਅਲੋਪ ਹੋਏ ਹਨ, ਵਿਛੋੜਾ ਹੋਇਆ ਹੈ, ਫਿਰ ਜਿਸ ਤਰ੍ਹਾਂ ਉਨ੍ਹਾਂ ਨੇ ਇਕਾਂਤ ਵਿੱਚ, ਇਹ ਸੰਸਾਰ ਤੋਂ ਾਹਲੇ ਹੋ ਕੇ ਵੈਰਾਗ ਕੀਤਾ ਹੈ, ਪ੍ਰੇਮ ਕੀਤਾ ਹੈ, ਫਿਰ ਜਿਸ ਤਰ੍ਹਾਂ ਉਹ ਰੋਏ ਹਨ| ਸਾਧ ਸੰਗਤ ਜੀ ਅੱਜ ਕਿੰਨ੍ਹਾਂ ਦਾ ਦਿਵਸ ਹੈ, ਨਿਰੰਕਾਰ ਹਮੇਸ਼ਾ ਪ੍ਰੇਮ ਬੱਧਾ ਇਸ ਸੰਸਾਰ ਵਿਚ ਆਉਂਦਾ ਹੈ, ਪ੍ਰੇਮ ਦੀ ਲੀਲ੍ਹਾ ਰੱਚ ਦਿੰਦਾ ਹੈ | ਕਲਿਜੁਗ ਦੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰੇਮ ਬੱਧੇ ਆਏ ਹਨ ਅਤੇ ਇੱਕ ਪ੍ਰੇਮ ਲੀਲ੍ਹਾ ਰਚੀ ਹੈ | ਪ੍ਰੇਮ ਲੀਲ੍ਹਾ ! ਨਿਰੰਕਾਰ ਕਿਸ ਪ੍ਰਕਾਸ਼ ਦੇ ਵਿੱਚ ਆਇਆ ਹੈ ਉਸ ਪ੍ਰਕਾਸ਼ ਦੇ ਵਿੱਚ ਉਸ ਪ੍ਰੇਮ ਲੀਲ੍ਹਾ ਨੂੰ ਸੰਪੂਰਨ ਕਿੰਨੇ-ਕਿੰਨੇ ਖੇਡਿਆ ਹੈ? ਗੁਰੂ ਤੇਗ਼ ਬਹਾਦਰ ਸਾਹਿਬ, ਮਾਤਾ ਗੁਜਰੀ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਚਾਰੇ ਸਾਹਿਬਜ਼ਾਦੇ|

ਨਿਰੰਕਾਰ! ਉਸ ਪ੍ਰਕਾਸ਼ ਵਿਚ ਪੂਰਨ ਇਸ ਧਰਤੀ ਦੇ ਉੱਤੇ

ਉਤਰ ਕੇ ਆਇਆ ਹੈ ਔਰ ਪ੍ਰੇਮ ਲੀਲ੍ਹਾ ਕਿਸ ਤਰ੍ਹਾਂ ਰੱਚੀ ਹੈ | ਉਸ ਨਿਰੰਕਾਰ ਦਾ ਪ੍ਰਕਾਸ਼ ਹੀ ਉਹ ਪ੍ਰੇਮ ਲੀਲ੍ਹਾ ਹੈ | ਉਹ ਪ੍ਰੇਮ ਲੀਲ੍ਹਾ ਹੀ ਸਾਰੇ ਜਗਤ ਦਾ ਜੀਵਨ ਹੈ | ਇਕ ਪੂਰਨ ਨਿਰੰਕਾਰ ਦਾ ਪ੍ਰਕਾਸ਼ ਉਸ ਜਗਤ ਵਿਚ ਉਸ ਪ੍ਰੇਮ ਲੀਲ੍ਹਾ ਵਿਚ ਪ੍ਰਕਾਸ਼ਿਤ ਹੋ ਰਿਹਾ ਹੈ | ਸਾਧ ਸੰਗਤ ਜੀ ਅਗਰ ਨਿਰੰਕਾਰ ਪੂਰੇ ਪ੍ਰਕਾਸ਼ ਦੇ ਵਿਚ ਆਇਆ ਹੈ ਤਾਂ ਇਸ ਨਿਰੰਕਾਰ ਦਾ ਜਿਹੜਾ ਪੂਰਨ ਪ੍ਰਕਾਸ਼ ਤੇ ਪਰਿਵਾਰ ਹੈ ਉਹ ਪੂਰੇ ਦਾ ਪੂਰਾ ਹੀ ਇਸ ਸੰਸਾਰ ਦੇ ਵਿਚ ਉਤਰ ਕੇ ਆਇਆ ਹੈ | ਨਿਰੰਕਾਰ ਨੇ ਪਹਿਲੇ ਇਸ ਤਰ੍ਹਾਂ ਦੀ ਦਿਲ ਨੂੰ ਹਲਾਉਣ ਵਾਲੀ ਪ੍ਰੇਮ ਲੀਲ੍ਹਾ ਕਦੀ ਨਹੀਂ ਰਚੀ | ਜੇ ਗੁਰੂ ਨਾਨਕ ਪਾਤਸ਼ਾਹ ਦੇ ਵਿਯੋਗ ਨੂੰ ਸ਼ਰੀਰਕ ਵਿਯੋਗ ਨੂੰ ਜੇ ਗੁਰੂ ਅੰਗਦ ਸਾਹਿਬ ਇਸ ਤਰ੍ਹਾਂ ਵਰਲਾਪ ਕਰ ਰਹੇ ਹਨ, ਅੱਜ ਉਹ ਦਿਵਸ ਹੈ ਜਦੋਂ ਦਸਵਾਂ ਗੁਰੂ ਨਾਨਕ, ਗੁਰੂ ਸਾਹਿਬਾਨ ਉਹ ਪ੍ਰੇਮ ਦਾ ਖੇਡ ਵਰਤਾਦੇਂ ਹੋਏ ਸੰਸਾਰ ਤੋਂ ਆਪ ਅਲੋਪ ਹੋ ਗਏ ਹਨ | ਇਹ ਨਿਰੰਕਾਰ ਦੇ ਪੂਰਨ ਪ੍ਰਕਾਸ਼ ਦੇ ਵਿੱਚ, ਜਿਹੜਾ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੂਰਨ ਪ੍ਰਕਾਸ਼ ਹੈ ਮਾਤਾ ਗੁਜਰੀ ਜੀ ਦਾ, ਚਾਰੋ ਸਾਹਿਬਜ਼ਾਦਿਆਂ ਦਾ ਜਦੋਂ ਇਹ ਦਿਨ ਆਉਂਦਾ ਸੀ ਪਿਤਾ ਜੀ ਨੂੰ ਉਸ ਪ੍ਰੇਮ ਦੇ ਵਿਚ ਵੈਰਾਗ ਦੀ ਉਸ ਅਵਸਥਾ ਵਿੱਚ ਦੇਖਿਆ ਹੈ,

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ||

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-83)|*

"ਸਾਹਿਬ ਦਾ ਜਿਹੜਾ ਪਿਆਰਾ ਸਿੱਖ ਹੈ, ਗੁਰਮੁੱਖ ਹੈ ਉਹ

ਦਸਮੇਸ਼ ਪਿਤਾ ਦੇ ਚਰਨਾਂ ਵਿੱਚ ਰੋਜ਼ ਹੀ ਆਰਤਾ ਕਰਦਾ ਹੈ ਆਪਣਾ ਸੀਸ ਕੱਟ ਕੇ ਥਾਲੀ ਵਿਚ ਰੱਖ ਕੇ ਫਿਰ ਸਾਹਿਬ ਦੇ ਚਰਨਾਂ ਵਿੱਚ ਆਰਤਾ ਕਰਦਾ ਹੈ" |

*ਬਾਬਾ ਨਰਿੰਦਰ ਸਿੰਘ ਜੀ*

"ਸਾਹਿਬ ਦੇ ਚਰਨਾਂ ਵਿੱਚ ਇੱਕੋ ਹੀ ਅਰਦਾਸ ਬਣਦੀ ਹੈ ਕਿ ਸੱਚੇ ਪਾਤਸ਼ਾਹ ਜਿਸ ਤਰ੍ਹਾਂ ਦੀ ਪ੍ਰੇਮ ਲੀਲ੍ਹਾ ਤੂੰ ਰਚੀ ਹੈ ਉਸ ਪ੍ਰੇਮ ਦੇ ਵਿੱਚ ਹਰ ਵਾਰੀ ਜਨਮ ਲੈਂਦੇ ਰਹੀਏ ਅਤੇ ਤੇਰੇ ਚਰਨਾਂ ਦੇ ਵਿੱਚ ਆਪਣਾ ਸੀਸ ਕੱਟ ਕੇ ਅਰਪਨ ਕਰਦੇ ਰਹੀਏ ਅਤੇ ਇਹ ਕਰਦੇ ਕਦੀ ਵੀ ਨ ਰੱਜੀਏ" |

*ਬਾਬਾ ਨਰਿੰਦਰ ਸਿੰਘ ਜੀ*

ਉਸ ਵੈਰਾਗ ਦੇ ਵਿੱਚ ਪਿਤਾ ਜੀ ਸਾਡੇ ਵੱਲ ਵੇਖਦੇ ਹੋਏ, ਫੁਰਮਾਉਂਣ ਕੀ ਲੱਗੇ,

"ਜਿਸਨੂੰ ਵੀ ਪ੍ਰਾਪਤੀ ਦਾ ਅੰਮ੍ਰਿਤ ਰਸ ਪ੍ਰਾਪਤ ਹੋ ਗਿਆ ਹੋਵੇ, ਇਸਤੋਂ ਇਲਾਵਾ ਜਿਸਨੂੰ ਜਾਮੇਂ ਸ਼ਹਾਦਤ ਦਾ ਵੀ ਅੰਮ੍ਰਿਤ ਰਸ ਪ੍ਰਾਪਤ ਹੋ ਗਿਆ ਹੋਵੇ, ਜੇ ਦੋਨੋਂ ਅੰਮ੍ਰਿਤ ਰਸ ਪ੍ਰਾਪਤ ਹੋ ਗਏ ਹੋਣ ਤੇ ਉਹ ਦਾਅਵੇ ਨਾਲ ਕਹਿ ਸਕਦਾ ਹੈ ਕਿ ਸਾਹਿਬ ਦੇ ਚਰਨਾਂ ਦੇ ਵਿੱਚ ਜਾਮੇਂ ਸ਼ਹਾਦਤ' ਦਾ ਅੰਮ੍ਰਿਤ ਰਸ 'ਪ੍ਰਾਪਤੀ' ਦੇ ਅੰਮ੍ਰਿਤ ਰਸ ਨਾਲੋਂ ਬਹੁਤ ਉੱਚਾ ਹੈ |

*ਬਾਬਾ ਨਰਿੰਦਰ ਸਿੰਘ ਜੀ*

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ||
ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-579)*

ਸੱਚੇ ਪਾਤਸ਼ਾਹ ਰੋਣ ਦੇ ਬਾਰੇ ਦੱਸ ਰਹੇ ਹਨ ਕਿ ਸਾਰਾ ਜਗ ਹੀ ਵਿਕਾਰਾਂ ਦੇ ਕਾਰਣ ਰੋਂਦਾ ਹੈ ਅਤੇ ਇਹ ਸਾਰਾ ਸੰਸਾਰ ਹੀ ਸੁੱਤਾ ਪਿਆ ਹੈ, ਇਸ ਨੂੰ ਕੋਈ ਚੰਗੇ ਮੰਦੇ ਦਾ ਪਤਾ ਨਹੀਂ, ਇਹ ਆਪਣਾ ਸਾਰਾ ਮਨੁੱਖਾ ਜਨਮ ਹੀ ਰੋਣ ਵਿਚ ਗਵਾ ਰਿਹਾ ਹੈ | ਆਪਾਂ ਸਾਰੇ ਆਪਣੇ ਦੁੱਖ, ਕਸ਼ਟ ਜੋ ਜਿੰਦਗੀ ਵਿੱਚ ਆਉਂਦੇ ਹਨ, ਉਨ੍ਹਾ ਦੁੱਖਾਂ ਕਸ਼ਟਾਂ ਵਿੱਚ ਰੋਂਦੇ ਹਾਂ, ਜਿਹੜਾ ਇਹ ਸ਼ਰੀਰ ਮਿੱਟੀ ਵਿੱਚ ਮਿਲ ਜਾਣਾ ਹੈ, ਇਹ ਸਾਡੀ ਚੀਜ਼ ਨਹੀਂ ਹੈ ਆਪਾ ਸਭ ਰੋਂਦੇ ਹਾਂ ਪਰ ਸਾਹਿਬ, ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ ਕਿ ਕੋਈ ਵਿਰਲਾ ਹੀ ਉਸ ਦੇ ਪਿਆਰ ਵਿੱਚ ਰੋਂਦਾ ਹੈ |

ਪਿਤਾ ਜੀ ਨੇ ਜਿਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪਾਵਨ ਅਸਥਾਨ, ਗੁਰਦੁਆਰਾ ਸੀਸ ਗੰਜ ਸਾਹਿਬ ਜਾਣਾ, ਜਦੋਂ ਉਨ੍ਹਾਂ ਦੇ ਸ਼ਹੀਦੀ ਗੁਰਪੁਰਬ ਹੁੰਦਾ ਸੀ ਪਿਤਾ ਜੀ ਨੂੰ ਉਸੇ ਤਰ੍ਹਾਂ ਰੋਂਦੇ ਵੇਖਣਾ| ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰਪੁਰਬ ਬੰਗਲਾ ਸਾਹਿਬ ਜਾਣਾ ਉੱਥੇ ਵੀ ਰੋਂਦੇ ਰਹਿਣਾ | ਫਿਰ ਸਾਧ ਸੰਗਤ ਜੀ ਜਿਸ ਵਕਤ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਹਿਬਜ਼ਾਦਿਆ ਦਾ ਉਹ ਦਿਨ ਆਉਣਾ ਪਿਤਾ ਜੀ ਨੇ ਬਹੁਤ ਵੈਰਾਗ ਕਰਨਾ |

# 239 ਸਾਲ ਪ੍ਰਤੱਖ ਨਿਰੰਕਾਰ ਦੀ ਪ੍ਰੇਮ ਲੀਲ੍ਹਾ, ਨਿਰੰਕਾਰ (ਗੁਰੂ ਗੋਬਿੰਦ ਸਿੰਘ ਸਾਹਿਬ) ਨੇ ਆਪ ਸਮਾਪਤ ਕੀਤੀ ਹੈ

ਸਾਧ ਸੰਗਤ ਜੀ ਆਓ ਆਪਾਂ ਥੋੜ੍ਹਾ ਜਿਹਾ ਸੋਚ ਵਿਚਾਰ

ਕਰੀਏ | ਆਪ ਨੇ ਪੜ੍ਹਿਆ ਕਿ ਗੁਰੂ ਸਾਹਿਬ ਨੇ 239ਸਾਲ ਪ੍ਰਤਖ ਪ੍ਰੇਮ ਲੀਲ੍ਹਾ ਰਚੀ ਹੈ | ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ 1469 ਵਿਚ ਪ੍ਰੇਮ ਲੀਲ੍ਹਾ ਸ਼ੁਰੂ ਹੋਈ ਹੈ ਅਤੇ 1708 ਵਿਚ ਸਮਾਪਤ ਹੋਈ ਹੈ ਫਿਰ ਉਹ 239 ਸਾਲ ਦੀ ਪ੍ਰੇਮ ਲੀਲ੍ਹਾ ਗੁਰੂ ਗੋਬਿੰਦ ਸਿੰਘ ਸਾਹਿਬ ਸਮਾਪਤ ਕਰ ਰਹੇ ਹਨ |

ਹੁਣ ਆਪਾਂ ਥੋੜ੍ਹਾ ਜਿਹਾ ਵਿਚਾਰ ਕਰੀਏ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਸਿਰਫ ਢਾਈ ਸਾਲ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਰਹੇ | ਗੁਰੂ ਤੇਗ਼ ਬਹਾਦਰ ਸਾਹਿਬ ਗਿਆਰਾਂ ਸਾਲ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ 33 ਸਾਲ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਰਹੇ | ਇਹ ਸਾਢੇ 46 ਸਾਲਾਂ ਵਿਚ ਜੋ ਖੇਡ ਵਰਤਾਇਆ ਹੈ ਕਿਉਂਕਿ ਹੁਣ ਉਹ ਲੀਲ੍ਹਾ ਸਮਾਪਤ ਹੋਣ ਵਾਲੀ ਸੀ, ਉਹ ਜਿਹੜੀ ਪ੍ਰੇਮ ਲੀਲ੍ਹਾ ਗੁਰੂ ਨਾਨਕ ਨਿਰੰਕਾਰ ਨੇ ਸ਼ੁਰੂ ਕੀਤੀ ਹੈ ਉਹ ਸਮਾਪਤ ਹੋਣ ਵਾਲੀ ਸੀ |

ਆਪਾਂ ਸਾਰੇ ਕਰਮ ਬੱਧੇ ਆਏ ਹਾਂ ਉਹ ਪ੍ਰੇਮ ਬੱਧੇ ਆਏ ਹਨ ਪਰ ਕਰਮ ਬਧਿਆਂ ਦੀ ਖਾਤਰ ਉਹ ਆਇਆ ਹੈ, ਗੁਰੂ ਹਰਿਕ੍ਰਿਸ਼ਨ ਸਾਹਿਬ ਅਠ ਸਾਲ ਦੀ ਉਮਰ ਹੈ, ਜਿਸ ਵਕਤ ਦਿੱਲੀ ਜਾਂਦੇ ਹਨ, ਜਿਸ ਵਕਤ ਬਿਮਾਰੀ ਫੈਲੀ ਹੈ ਲੋਗ ਮਰਨੇ ਸ਼ੁਰੂ ਹੋ ਗਏ ਪਰ ਜਿਹੜਾ ਵੀ ਉਨ੍ਹਾਂ ਪਾਸ ਆਈ ਜਾਂਦਾ ਹੈ ਮੇਰੇ ਅਠਵੇਂ ਗੁਰੂ ਨਾਨਕ ਕਹਿ ਕੀ ਰਹੇ ਹਨ,

“ਆਓ ਸਾਰੇ ਹੀ ਮੇਰੇ ਪਾਸ ਆ ਜਾਓ ਮੈ ਤੁਹਾਡਾ ਸਭ ਦਾ ਦੁਖ ਆਪਣੇ ਉਤੇ ਲੈਣਾ ਹੈ ਉਹ ਦੁੱਖ ਮੈਨੂੰ ਦੇ ਦਿਓ” |

“ਜੋ ਸਰਣਿ ਆਵੈ ਤਿਸੁ ਕੰਠਿ ਲਾਵੈ

ਇਹ ਬਿਰਦੁ ਸੁਆਮੀ ਸੰਦਾ"|

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-544)*

ਉਹ ਸ਼ਰਨ ਵਿੱਚ ਆਏ ਨੂੰ ਕਹਿ ਰਹੇ ਹਨ,

"ਤੁਸੀਂ ਗੁਰੂ ਨਾਨਕ ਦੀ ਸ਼ਰਨ ਵਿੱਚ ਆਏ ਹੋ ਤੁਹਾਡਾ ਦੁਖ ਮੈਂ ਆਪਣੇ ਉਤੇ ਲੈਂਦਾ ਹਾਂ ਆਪਣਾ ਸਾਰਾ ਦੁਖ ਮੈਨੂੰ ਦੇ ਦਿਉ | ਗੁਰੂ ਤੇਗ਼ ਬਹਾਦਰ ਸਾਹਿਬ ਬੈਠੇ ਹਨ, 500 ਪਡਿੰਤ, ਪਡਿੰਤ ਕਿਰਪਾ ਰਾਮ ਦੀ ਅਗਵਾਈ ਹੇਠ ਪਹੁੰਚਦੇ ਹਨ, ਰੋਂਦੇ ਹਨ | ਉਸ ਵੇਲੇ ਉਹੀ ਗੁਰੂ ਤੇਗ਼ ਬਹਾਦਰ ਸਾਹਿਬ ਫ਼ੁਰਮਾ ਕੀ ਰਹੇ ਹਨ ਕਿ,

"ਤੁਸੀ ਗੁਰੂ ਨਾਨਕ ਦੇ ਦਰ ਤੇ ਆ ਗਏ ਹੋ ਆਪਣਾ ਸਾਰਾ ਦੁਖ ਮੇਰੇ ਉੱਤੇ ਸੁੱਟ ਦਿਉ" |

ਸਾਧ ਸੰਗਤ ਜੀ ਜਰਾ ਸੋਚ ਕੇ ਦੇਖੋ ਕਿ ਗੁਰੂ ਸਾਹਿਬ ਨੇ ਕੀ ਕੀਤਾ ਹੈ | ਫਿਰ ਗੁਰੂ ਗੋਬਿੰਦ ਸਿੰਘ ਸਾਹਿਬ ਜਿਹੜੇ ਉਸ ਵਕਤ ਸਿਰਫ ਨੌ ਸਾਲ ਦੀ ਆਯੂ ਵਿਚ ਸਨ, ਜਦੋਂ ਗੁਰੂ ਤੇਗ਼ ਬਹਾਦਰ ਨੇ ਫ਼ੁਰਮਾਇਆ ਕਿ,

"ਐਸ ਵੇਲੇ ਇੱਕ ਮਹਾਨ ਮਹਾਂਪੁਰਖ ਦੇ ਬਲੀਦਾਨ ਦੀ ਲੋੜ ਹੈ, ਕਿਸ ਬਲੀਦਾਨ ਦੀ? ਇਨ੍ਹਾਂ ਦਾ ਦੁਖ ਲੈਣ ਦਾ ਬਲੀਦਾਨ, ਇਕ ਪੂਰੇ ਧਰਮ ਦਾ ਦੁੱਖ ਲੈਣ ਦੇ ਬਲੀਦਾਨ ਦੀ ਲੋੜ ਹੈ" |

ਫਿਰ ਉਸ ਵਕਤ ਦਸਮੇਸ਼ ਪਿਤਾ ਫ਼ੁਰਮਾਉਂਦੇ ਹਨ ਕਿ,

ਸੱਚੇ ਪਾਤਸ਼ਾਹ ਤੁਹਾਡੇ ਕੋਲੋਂ ਵੀ ਵੱਡਾ ਕੋਈ ਮਹਾਂਪੁਰਖ ਹੋ ਸਕਦਾ ਹੈ? ਸਾਧ ਸੰਗਤ ਜੀ ਉਸ ਵਕਤ ਗੁਰੂ ਤੇਗ਼

ਬਹਾਦਰ ਸਾਹਿਬ ਨੇਗੁਰੂ ਗੋਬਿੰਦ ਸਾਹਿਬ ਵੱਲ ਦੇਖਿਆ ਹੈ ਅਤੇ ਫੁਰਮਾਇਆ ਸਾਰੇ ਦੁਖ ਲੈਣ ਵਾਸਤੇ ਅਸੀ ਹੀ ਨਹੀਂ ਆਏ, ਸਾਡਾ ਪੁੱਤ (ਗੁਰੂ ਗੋਬਿੰਦ ਸਿੰਘ ਸਾਹਿਬ) ਵੀ ਸਾਰੇ ਦੁੱਖ ਲੈਣ ਵਾਸਤੇ ਹੀ ਆਇਆ ਹੇ |

ਕਦੀ ਸੋਚਿਆ ਹੈ ਤੁਸੀ, ਉਸ ਵੇਲੇ ਦਸਮੇਸ਼ ਪਿਤਾ ਜਿਸ ਵਕਤ ਆਪਣਾ ਸਭ ਕੁਝ ਨਿਛਾਵਰ ਕਰੀ ਜਾਂਦੇ ਹਨ ਉਸ ਪ੍ਰੇਮ ਦੇ ਖੇਡ ਦੇ ਵਿੱਚ, ਜਿਸ ਵਕਤ ਦਮਦਮਾ ਸਾਹਿਬ ਮਾਤਾ ਜੀ ਪੁੱਛਦੇ ਹਨ ਕਿ ਸਾਹਿਬਜ਼ਾਦੇ ਕਿੱਥੇ ਹਨ ਤੇ ਉਸ ਵੇਲੇ ਫੁਰਮਾਇਆ ਕੀ ਹੈ ਚਾਰ ਮੁਏ ਤੋ ਕਿਆ ਭੈਯਾ ਜੀਵਤ ਕਈ ਹਜਾਰ, 20 ਹਜ਼ਾਰ ਦੀ ਸੰਗਤ ਬੈਠੀ ਸੀ ਕਹਿੰਦੇ ਇਹ ਮੇਰੇ ਸਾਹਿਬਜ਼ਾਦੇ ਹਨ ਮੈਂ ਇਨ੍ਹਾਂ ਦੀ ਖਾਤਰ ਸਭ ਕੁੱਝ ਨਿਛਾਵਰ ਕਰ ਦਿੱਤਾ ਹੈ ਤਾਂ ਕਿ ਇਹ ਚੰਗੀ ਤਰ੍ਹਾਂ ਜੀਅ ਸਕਣ |

ਸਾਧ ਸੰਗਤ ਜੀ ਇੱਕ ਚੀਜ਼ ਚੇਤੇ ਰੱਖੋ ਕਿ ਜਦੋਂ ਇਹ ਕਹੀਦਾ ਹੈ ਕਿ ਉਹ ਕਿਹੜਾ ਸਤਿਗੁਰੂ ਹੈ ਜਿਸਨੇ ਕਿਸੇ ਦੇ ਗੁਣ ਅਵਗੁਣ ਨਹੀਂ ਦੇਖੇ, ਜੇ ਕੌਡਾ ਰਾਖਸ਼ ਸਾਹਮਣੇ ਆਇਆ ਤਾਂ ਉਸ ਨੂੰ ਛਿਨ ਵਿੱਚ ਦੇਵਤਾ ਬਣਾਇਆ ਹੈ ਕਿਸੇ ਦੇ ਪਾਪ ਦੇਖੇ ਉਸਨੇ ? ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕਿਸੇ ਦੇ ਪਾਪ, ਅਵਗੁਣ ਨਹੀਂ ਚਿਤਾਰੇ | ਗੁਰੂ ਤੇਗ਼ ਬਹਾਦਰ ਸਾਹਿਬ ਆਪਣੇ ਉੱਤੇ ਸਭ ਕੁੱਝ ਲੈ ਰਹੇ ਹਨ ਕਿਸੇ ਦੇ ਵੀ ਗੁਣ ਅਵਗੁਣ ਨਹੀਂ ਚਿਤਾਰੇ | ਸਾਧ ਸੰਗਤ ਜੀ ਆਪਾਂ ਕਿਹੜੇ ਗੁਰੂ (ਗੁਰੂ ਗੋਬਿੰਦ ਸਿੰਘ ਸਾਹਿਬ) ਦੀ ਸ਼ਰਨ ਵਿੱਚ ਬੈਠੇ ਹਾਂ ਅਤੇ ਆਪਾਂ ਉਨ੍ਹਾਂ ਦੀ ਇਸ ਸ਼ਤਾਬਦੀ ਤੇ ਰੋਈਏ ਨਾ ?

ਪਰ ਜਿਸ ਤਰ੍ਹਾਂ ਪਿਤਾ ਜੀ ਰੋਜ ਰੋਂਦੇ ਸੀ ਬਾਬਾ ਨੰਦ ਸਿੰਘ ਸਾਹਿਬ ਦੇ ਉਸ ਬਿਰਹਾ ਦੇ ਵਿੱਚ ਜੋ ਗੁਰੂ ਅੰਗਦ ਸਾਹਿਬ

ਇੰਨਾਂ ਤੜਪੇ ਹਨ ਉਹ ਬਿਰਹਾ ਦੇ ਵਿਚ ਅਤੇ ਸਭ ਕੁਝ ਦੇ ਗਏ ਹਨ ਗੁਰੂ ਅੰਗਦ ਸਾਹਿਬ ਨੂੰ ਤਾਂ ਸਾਧ ਸੰਗਤ ਜੀ ਫਿਰ ਅਸੀਂ ਕੀ ਚੀਜ਼ ਹਾਂ, ਸਾਡਾ ਕੀ ਫਰਜ ਬਣਦਾ ਹੈ |

ਇਹ ਸਭ ਕੁੱਝ ਜੋ ਦਾਸ ਨੇ ਉਸ ਪ੍ਰੇਮ ਦੀ ਯਾਦ ਵਿੱਚ ਲਿਖਿਆ ਹੈ ਇਹ ਜਿਸਨੂੰ ਅਸੀਂ ਭੁੱਲ ਚੁੱਕੇ ਹਾਂ | ਇਹ ਸਭ ਗੁਰੂ ਸਾਹਿਬਾਨ ਦੀ ਜਬਾਨੀ ਹੈ ਜਿਸ ਤਰ੍ਹਾਂ ਉਨ੍ਹਾ ਨੇ ਪ੍ਰੇਮ ਕੀਤਾ ਹੈ ਅਤੇ ਆਪਣੇ ਸ਼ਬਦਾਂ ਵਿਚ ਫੁਰਮਾਇਆ ਹੈ |

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਜਿਹੜਾ ਆਪਣਾ ਸਾਰਾ ਦੁਖ ਗੁਰੂ ਨੂੰ ਦੇ ਸਕਦਾ ਹੈ ਉਸਨੇ ਇਸ ਦੁਨੀਆਂ ਵਿੱਚ

ਨਾਜਾਤ ਕਿੱਥੇ ਪਾਉਣੀ ਹੈ| ਫੁਰਮਾਇਆ ਸਿੱਖ ਨੇ ਦੇਣਾ ਹੀ ਦੇਣਾ ਹੈ ਸਿੱਖ ਕੀ ਤੇ ਸੁੱਖ ਕੀ | ਉਹ ਸਿੱਖ ਕੀ ਜਿਹੜਾ ਗੁਰੂ ਤੋਂ ਸੁਖ ਮੰਗ ਲਵੇ, ਹਮੇਸ਼ਾ ਗੁਰੂ ਦਾ ਸੁਖ ਅੱਗੇ ਰੱਖੇਗਾ |

ਸਾਧ ਸੰਗਤ ਜੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 300 ਸਾਲਾ ਸ਼ਤਾਬਦੀ ਗੁਰਗੱਦੀ ਦਿਵਸ ਤੇ ਉਨ੍ਹਾਂ ਦਾ ਪ੍ਰੇਮ ਨਾ ਭੁੱਲੀਏ ਕਿਉਂਕਿ ਜਿਹੜਾ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਨ ਲਾਇਆ ਹੈ, ਪ੍ਰਕਾਸ਼ ਕੀਤਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਪਰਿਵਾਰ ਦੇ ਫੁੱਲਾਂ ਦੀ ਸੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਨ ਲਾਇਆ ਹੈ, ਪ੍ਰਕਾਸ਼ ਕੀਤਾ ਹੈ |

300 ਸਾਲ ਹੋਏ ਗੁਰੂ ਨਾਨਕ ਨੇ

ਇੱਕ ਨਵਾਂ ਹੀ ਚੋਜ ਦਿਖਾਇਆ ਏ |

ਸਰਬੰਸ ਦੇ ਫੁੱਲਾਂ ਦੀ ਸੇਜ ਤੇ
ਗੁਰੂ ਗ੍ਰੰਥ ਦਾ ਆਸਣ ਲਾਇਆ ਏ |
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ
ਨਿਰਾਲਾ ਇਸ਼ਕ ਨਿਭਾਇਆ ਏ |
ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ |
ਸਰਬੰਸ ਦੇ ਫੁੱਲਾਂ ਦੀ ਸੇਜ ਤੇ
ਗੁਰੂ ਗ੍ਰੰਥ ਦਾ ਆਸਣ ਲਾਇਆ ਏ |
ਨੀਤ ਨਵਾਂ ਨੀਤ ਨਵਾਂ ਸਾਹਿਬ ਮੇਰਾ ਨੀਤ ਨਵਾਂ |
ਸਾਹਿਬ ਮੇਰਾ ਨੀਤਿ ਨਵਾਂ ਸਦਾ ਸਦਾ ਦਾਤਾਰੁ ||
ਇਕ ਨਵਾਂ ਹੀ ਚੋਜ ਦਿਖਾਇਆ ਏ,
ਇਕ ਨਵਾਂ ਹੀ ਰੰਗ ਚੜ੍ਹਾਇਆ ਏ|
ਇਕ ਨਵਾਂ ਹੀ ਖੇਡ ਰਚਾਇਆ ਏ,
ਇਕ ਨਵਾਂ ਹੀ ਰੂਪ ਸਜਾਇਆ ਏ |
ਸਰਬੰਸ ਦੇ ਫੁੱਲਾਂ ਦੀ ਸੇਜ ਤੇ
ਗੁਰੂ ਗ੍ਰੰਥ ਦਾ ਆਸਣ ਲਾਇਆ ਏ |

**ਗੁਰੂ ਨਾਨਕ ਦਾਤਾ ਬਖਸ਼ ਲੈ |**
**ਬਾਬਾ ਨਾਨਕ ਬਖਸ਼ ਲੈ ||**